# ਦਫ਼ਤਰ ਨਗਰ ਨਿਗਮ ਹੁਸ਼ਿਆਰਪੁਰ

# ਪ੍ਰੈਸ ਨੋਟ

# ਤਿਕਸ਼ਨ ਸੂਦ ਨੇ ਵਾਰਡ ਨੰ: 7 ਦੇ ਸਿਵਲ ਲਾਈਨ ਐਕਸਟੈਂਸ਼ਨ ਦੇ ਵਿਕਾਸ ਕਾਰਜਾਂ ਅਤੇ ਮੁਸ਼ਕਲਾਂ ਸਬੰਧੀ ਜਾਣਕਾਰੀ ਲਈ

ਹੁਸ਼ਿਆਰਪੁਰ 4 ਜੂਨ ਸ਼ਹਿਰ ਦੇ ਵੱਖ-ਵੱਖ ਵਾਰਡਾਂ ਦੀਆਂ ਮੁਸ਼ਕਲਾਂ ਦੀ ਜਾਣਕਾਰੀ ਲੈਣ ਸਬੰਧੀ ਹਰ ਰੋਜ਼ ਸਵੇਰੇ 6.30 ਵਜੇ ਤੋਂ 7.30 ਵਜੇ ਤੱਕ ਮੇਅਰ ਸ਼ਿਵ ਸੂਦ ਵੱਲੋਂ ਰੋਜਾਨਾ ਇਕ ਵਾਰਡ ਵਿਚ ਕੀਤੇ ਜਾ ਰਹੇ ਦੌਰੇ ਦੀ ਮੁਹਿੰਮ ਵਿਚ ਅੱਜ ਮੁੱਖ ਮੰਤਰੀ ਪੰਜਾਬ ਦੇ ਰਾਜਨੀਤੀਕ ਸਲਾਹਕਾਰ ਤਿਕਸ਼ਨ ਸੂਦ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ ਅਤੇ ਉਹਨਾਂ ਨੇ ਵਾਰਡ ਨੰ: 7 ਦੇ ਕੌਂਸਲਰ ਸ੍ਰੀਮਤੀ ਰਾਕੇਸ਼ ਸੂਦ ਨੂੰ ਨਾਲ ਲੈ ਕੇ ਸਿਵਲ ਲਾਈਨ ਐਕਸਟੈਂਸ਼ਨ ਦਾ ਦੌਰਾ ਕੀਤਾ ਅਤੇ ਸਿਵਲ ਲਾਈਨ ਐਕਸਟੈਂਸ਼ਨ ਨਿਵਾਸੀਆਂ ਨਾਲ ਕੀਤੇ ਜਾ ਰਹੇ ਵਿਕਾਸ ਕੰਮਾਂ ਅਤੇ ਮੁਸ਼ਕਲਾਂ ਸਬੰਧੀ ਗੱਲ ਬਾਤ ਕੀਤੀ। ਸਿਵਲ ਲਾਈਨ ਐਕਸਟੈਂਸ਼ਨ ਨਿਵਾਸੀਆਂ ਨੇ ਨਗਰ ਨਿਗਮ ਵੱਲੋਂ ਕਰਵਾਏ ਜਾ ਰਹੇ ਵਿਕਾਸ ਕਾਰਜਾਂ ਗਲੀਆਂ, ਨਾਲੀਆਂ, ਪੀਣ ਵਾਲੇ ਪਾਣੀ ਅਤੇ ਸੀਵਰੇਜ਼ ਆਦਿ ਦੀ ਕੀਤੀ ਗਈ ਵਿਵਸਥਾ ਸਬੰਧੀ ਤਸੱਲੀ ਪ੍ਰਗਟ ਕੀਤੀ ਅਤੇ ਉਹਨਾਂ ਦਾ ਧੰਨਵਾਦ ਕੀਤਾ ਅਤੇ ਰਹਿੰਦੇ ਵਿਕਾਸ ਕਾਰਜ ਕਰਵਾਉਣ ਲਈ ਬੇਨਤੀ ਕੀਤੀ। ਤਿਕਸ਼ਨ ਸੂਦ ਨੇ ਦੱਸਿਆ ਕਿ ਉਹਨਾਂ ਦੇ ਰਹਿੰਦੇ ਵਿਕਾਸ ਕਾਰਜ ਪਹਿਲ ਦੇ ਆਧਾਰ ਤੇ ਕਰਵਾਏ ਜਾਣਗੇ।

ਨਗਰ ਨਿਗਮ ਦੇ ਮੇਅਰ ਸ਼ਿਵ ਸੂਦ, ਵਾਰਡ ਨੰ: 7 ਦੇ ਕੌਂਸਲਰ ਰਾਕੇਸ਼ ਸੂਦ, ਵਿਨੋਦ ਪਰਮਾਰ, ਕੌਂਸਲਰ ਰਮੇਸ਼ ਠਾਕੁਰ, ਯਸ਼ਪਾਲ ਸ਼ਰਮਾ, ਅੰਕੁਰ ਸੂਦ, ਹਰੀ ਚੰਦ ਪੁਰੀ, ਅਸ਼ੋਕ ਸੋਢੀ, ਪੰਕਜ ਮੁੰਜਾਲ, ਸੰਜੀਵ ਸੂਦ, ਅਰੁਣ ਜੈਨ, ਰਾਮ ਮੂਰਤੀ ਭਾਰਦਵਾਜ, ਪਵਨ ਗੁਪਤਾ, ਡਾ. ਅਮ੍ਰਿਤਪਾਲ, ਹਿੰਮਤ ਸੂਦ, ਪ੍ਰਦੀਪ ਡੋਗਰਾ, ਰਜਿੰਦਰ ਡੋਗਰਾ, ਆਸਣ ਪਰੋਸੀ, ਪ੍ਰੋਫੈਸਰ ਗੋਪਾਲ ਸ਼ਰਮਾ ਵੀ ਇਸ ਮੌਕੇ ਤੇ ਹਾਜ਼ਰ ਸਨ।